ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ
ਦਾ ਡਿਜੀਟਲ ਅਖ਼ਬਾਰ

# ਖੇਤੀ ਸੰਦੇਸ਼




24 ਜੁਲਾਈ, 2024
ਅੰਕ : 360

ਸੰਪਾਦਕ: ਡਾ ਕੁਲਵਿੰਦਰ ਕੌਰ ਗਿੱਲ
ਸਹਿ ਸੰਪਾਦਕ: ਡਾ ਇੰਦਰਪ੍ਰੀਤ ਕੌਰ ਬੋਪਾਰਾਏ

# ਅਪੀਲ

## ਆਓ ਪੰਜਾਬ ਦਾ ਪਾਣੀ ਬਚਾਉਣ ਦੀ ਪਹਿਲਕਦਮੀ ਕਰੀਏ

### ਕਿਸਾਨ ਵੀਰੋ ਤੇ ਭੈਣੋ



ਸਾਲ ਦੇ ਇਸ ਮਹੀਨੇ ਵਿੱਚ ਅਕਸਰ ਮਾਨਸੂਨ ਦੀ ਭਰਵੀਂ ਬਰਸਾਤ ਹੁੰਦੀ ਹੈ। ਇਸ ਵਾਰ ਮੌਸਮ ਦੇ ਹਾਲਾਤ ਹੁਣ ਤੱਕ ਬਹੁਤੇ ਸੁਖਾਵੇਂ ਨਹੀਂ ਰਹੇ। ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਵਿੱਚ ਬਾਰਿਸ਼ ਜਾਂ ਤਾਂ ਨਾਮਾਤਰ ਹੋਈ ਹੈ ਜਾਂ ਉੱਕਾ ਹੀ ਨਹੀਂ ਹੋਈ। ਇਸ ਸਥਿਤੀ ਵਿੱਚ ਵੀ ਫ਼ਸਲਾਂ ਦੀ ਸਿੰਚਾਈ ਤਾਂ ਕਰਨੀ ਹੀ ਹੈ। ਪਰ ਲੋੜ ਹੈ ਕਿ ਪਾਣੀ ਨੂੰ ਸੰਜਮ ਨਾਲ ਵਰਤੀਏ ਅਤੇ ਇਸਦੀ ਢੁੱਕਵੀਂ ਵਰਤੋਂ ਕਰੀਏ।

ਪੀ ਏ ਯੂ ਦੀਆਂ ਸਿਫਾਰਿਸ਼ਾਂ ਅਨੁਸਾਰ ਝੋਨੇ ਨੂੰ ਹਰ ਰੋਜ਼ ਪਾਣੀ ਲਾਉਣ ਦੀ ਲੋੜ ਨਹੀਂ, ਬਲਕਿ ਵਕਫੇ ਮਗਰੋਂ ਪਾਣੀ ਲਾਇਆ ਜਾ ਸਕਦਾ ਹੈ।

ਇਸ ਤੋਂ ਬਿਨਾਂ ਜਿੱਥੇ ਵੀ ਨਹਿਰੀ ਪਾਣੀ ਮੁਹੱਈਆ ਹੁੰਦਾ ਹੈ ਉਸਦੀ ਪਹਿਲ ਦੇ ਅਧਾਰ ਤੇ ਵਰਤੋਂ ਕੀਤੀ ਜਾਵੇ।

**ਜਿਵੇਂ ਕਿ ਕਿਹਾ ਵੀ ਜਾਂਦਾ ਹੈ**
**ਆਬ ਰਹੇਗਾ ਤਾਂ ਹੀ ਪੰਜਾਬ ਰਹੇਗਾ**

# ਨਰਮੇ ਦੀ ਫ਼ਸਲ ਵਿੱਚ ਚਿੱਟੀ ਮੱਖੀ ਦੀ ਸਰਵਪੱਖੀ ਰੋਕਥਾਮ

## ਚਿੱਟੀ ਮੱਖੀ ਦੀ ਪਹਿਚਾਣ

- ਬੱਚੇ ਦੇਖਣ ਵਿੱਚ ਅੰਡਾਕਾਰ, ਖੰਭ ਰਹਿਤ ਅਤੇ ਕਰੀਮ ਜਿਹੇ ਚਿੱਟੇ ਤੋਂ ਫ਼ਿਕੇ ਪੀਲੇ ਰੰਗ ਦੇ ਹੁੰਦੇ ਹਨ
- ਬਾਲਗ ਦੇ ਸ਼ਰੀਰ ਦਾ ਆਕਾਰ ਛੋਟਾ (1 ਤੋਂ 2 ਮਿਲੀਮੀਟਰ ਲੰਬਾ) ਅਤੇ ਇੱਕ ਜੋੜਾ ਖੰਭ ਹੁੰਦੇ ਹਨ
- ਚਿੱਟੀ ਮੱਖੀ ਦੇ ਹਮਲੇ ਦੀਆਂ ਨਿਸ਼ਾਨੀਆਂ
- ਬਾਲਗ ਅਤੇ ਬੱਚੇ ਹੇਠਲੇ ਪਾਸਿਓਂ ਪੱਤਿਆਂ ਦਾ ਰਸ ਚੂਸਦੇ ਹਨ
- ਜ਼ਿਆਦਾ ਹਮਲਾ ਹੋਣ ਤੇ ਸਮੁੱਚੇ ਤੌਰ ਤੇ ਬੂਟੇ ਦਾ ਵਿਕਾਸ ਰੁਕ ਜਾਂਦਾ ਹੈ ਅਤੇ ਝਾੜ ਉੱਤੇ ਮਾੜਾ ਅਸਰ ਹੁੰਦਾ ਹੈ
- ਰਸ ਚੂਸਣ ਤੋਂ ਬਾਅਦ ਚਿਪਚਿਪਾ ਮਲ ਪੱਤਿਆਂ ਤੇ ਜਮ੍ਹਾ ਹੋ ਜਾਂਦਾ ਹੈ ਜਿਸਦੇ ਉੱਪਰ ਉੱਲੀ ਪੈਣ ਕਰਕੇ ਪੱਤੇ ਅਤੇ ਖਿੜਿਆ ਹੋਇਆ ਨਰਮਾ ਕਾਲੇ ਰੰਗ ਦੇ ਨਜ਼ਰ ਆਉਂਦੇ ਹਨ
- ਚਿੱਟੀ ਮੱਖੀ ਨਰਮੇ ਦੀ ਫ਼ਸਲ ਵਿੱਚ ਪੱਤਾ ਮਰੋੜ ਬਿਮਾਰੀ ਨੂੰ ਵੀ ਫ਼ੈਲਾਉਂਦੀ ਹੈ



ਚਿੱਟੀ ਮੱਖੀ ਦਾ ਬੱਚਾ



ਚਿੱਟੀ ਮੱਖੀ ਦੇ ਬਾਲਗ ਹੇਠਲੇ ਪਾਸਿਓਂ ਪੱਤਿਆਂ ਦਾ ਰਸ ਚੂਸਦੇ ਹੋਏ

## ਸਰਵੇਖਣ ਕਦੋਂ ਅਤੇ ਕਿਵੇਂ?

- ਸਵੇਰੇ 10 ਵਜੇ ਤੋਂ ਪਹਿਲਾਂ ਨਰਮੇ ਦੇ 10 ਬੂਟਿਆਂ ਦੇ ਉੱਪਰਲੇ ਹਿੱਸੇ ਵਿੱਚ (3 ਪੱਤੇ ਪ੍ਰਤੀ ਬੂਟਾ) ਦੇ ਹੇਠਾਂ ਚਿੱਟੀ ਮੱਖੀ ਦੀ ਗਿਣਤੀ ਕਰੋ. ਜੇਕਰ ਪ੍ਰਤੀ ਪੱਤਾ ਔਸਤਨ ਮੱਖੀਆਂ 6 ਤੋਂ ਵੱਧ ਹੋਣ ਤਾਂ ਸਿਫ਼ਾਰਸ਼ ਕੀਤੀਆਂ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰੋ

## ਕੀਟਨਾਸ਼ਕਾਂ ਦੀ ਸਹੀ ਚੋਣ

- ਜਿਹੜੇ ਖੇਤਾਂ ਵਿੱਚ ਚਿੱਟੀ ਮੱਖੀ ਦਾ ਬਹੁਤ ਜ਼ਿਆਦਾ ਹਮਲਾ ਹੋਵੇ (15 ਬਾਲਗ ਪ੍ਰਤੀ ਪੱਤਾ ਤੋਂ ਵੱਧ), ਉੱਥੇ ਇਸਦੇ ਬਾਲਗਾਂ ਦੀ ਰੋਕਥਾਮ ਲਈ 200 ਗ੍ਰਾਮ ਕਲਾਸਟੋ 20 ਡਬਲਯੂ ਜੀ (ਪਾਇਰੀਫਲੂਕੀਨਾਜ਼ੋਨ) ਦਾ ਛਿੜਕਾਅ ਕਰਨ ਉਪਰੰਤ 4-5 ਦਿਨਾਂ ਬਾਅਦ 500 ਮਿਲੀਲੀਟਰ ਲੈਨੋ/ਡੈਟਾ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ਵੋਲਟੇਜ਼ 22.9 ਐਸ ਸੀ (ਸਪੈਰੋਮੈਸੀਫਿਨ) ਨੂੰ 150 ਲੀਟਰ ਪਾਣੀ ਵਿੱਚ ਘੋਲਕੇ ਛਿੜਕਾਅ ਕਰੋ
- ਜਿਹੜੇ ਖੇਤਾਂ ਵਿੱਚ ਚਿੱਟੀ ਮੱਖੀ ਦਾ ਦਰਮਿਆਨਾ ਹਮਲਾ ਹੈ (8-15 ਬਾਲਗ ਪ੍ਰਤੀ ਪੱਤਾ), ਉੱਥੇ ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 400 ਮਿ-ਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਪ੍ਰਤੀ ਏਕੜ ਛਿੜਕਾਅ ਕੀਤਾ ਜਾਵੇ ਅਤੇ 5-7 ਦਿਨਾਂ ਬਾਅਦ 500 ਮਿਲੀਲਿਟਰ ਲੈਨੋ/ ਡੈਟਾ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਓਬਰੇਨ/ ਵੋਲਟੇਜ 22.9 ਐਸ ਸੀ (ਸਪੈਰੋਮੈਸੀਫਿਨ) ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ
- ਜਿਨ੍ਹਾਂ ਖੇਤਾਂ ਵਿੱਚ ਚਿੱਟੀ ਮੱਖੀ ਦਾ ਹਮਲਾ ਘੱਟ ਹੋਵੇ (6-8 ਬਾਲਗ ਪ੍ਰਤੀ ਪੱਤਾ), ਉਹਨਾਂ ਖੇਤਾਂ ਵਿੱਚ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 800 ਮਿਲੀ-ਲਿਟਰ ਈਥੀਆਨ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ



ਹਮਲੇ ਕਰਕੇ ਕਾਲੇ ਹੋਏ ਨਰਮੇ ਦੇ ਪੱਤੇ

## ਧਿਆਨ ਰੱਖਣ ਯੋਗ ਗੱਲਾਂ

- ਨਰਮੇ ਦੇ ਖੇਤਾਂ ਨੂੰ ਪਾਣੀ ਲਾਉ ਕਿਉਂਕਿ ਔੜ ਵਾਲੇ ਖੇਤਾਂ ਵਿੱਚ ਮੱਖੀ ਦਾ ਹਮਲਾ ਵੱਧ ਹੁੰਦਾ ਹੈ
- ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਦੀ ਵਰਤੋਂ ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਕਰੋ
- ਕੀਟਨਾਸ਼ਕ ਦੇ ਚੰਗੇ ਅਸਰ ਲਈ ਬੂਟੇ ਦੇ ਹੇਠਾਂ ਤੋਂ ਉੱਪਰ ਤੱਕ ਸਾਰਿਆਂ ਪੱਤਿਆਂ ਤੇ ਛਿੜਕਾਅ ਕਰੋ
- ਕੀਟਨਾਸ਼ਕ ਦਾ ਛਿੜਕਾਅ ਸਵੇਰੇ 12 ਵਜੇ ਤੋਂ ਪਹਿਲਾਂ ਜਾਂ ਸ਼ਾਮ ਵੇਲੇ ਕਰੋ
- ਇੱਕੋ ਕੀਟਨਾਸ਼ਕ ਜਾਂ ਇੱਕ ਗਰੁੱਪ ਦੇ ਕੀਟਨਾਸ਼ਕਾਂ ਦਾ ਛਿੜਕਾਅ ਵਾਰ ਵਾਰ ਨਾ ਕਰੋ ਸਗੋਂ ਅਦਲ ਬਦਲ ਕਰਕੇ ਕਰੋ
- ਕੀਟਨਾਸ਼ਕ ਮਿਸ਼ਰਣ ਨਾ ਵਰਤੋ
- 15 ਸਤੰਬਰ ਤੋਂ ਪਹਿਲਾਂ ਸਿੰਥੈਟਿਕ ਪਰਿਥਰਾਇਡ (ਸਾਈਪਰਮੈਥਰਿਨ, ਫ਼ੈਨਵਲਵਰੇਟ ,ਡੈਲਟਾਮੈਥਰਿਨ) ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ।

ਵਿਜੈ ਕੁਮਾਰ, ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਰਣਵੀਰ ਸਿੰਘ ਕੀਟ ਵਿਗਿਆਨ ਵਿਭਾਗ
ਮੋਬਾਇਲ:97794-51214

# ਝੋਨੇ ਵਿੱਚ ਬੂਟੇ ਮਧਰੇ ਰਹਿਣ ਦੇ ਕਾਰਨ ਅਤੇ ਇਲਾਜ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਾਇੰਸਦਾਨਾਂ ਵੱਲੋਂ ਇਨ੍ਹਾਂ ਦਿਨ੍ਹਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ (ਮੁਹਾਲੀ, ਰੋਪੜ, ਹੁਸ਼ਿਆਰਪੁਰ, ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਸੰਗਰੂਰ) ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਇਸ ਸਰਵੇਖਣ ਦੌਰਾਨ ਝੋਨੇ ਦੇ ਖੇਤਾਂ ਵਿੱਚ ਕਿਤੇ-ਕਿਤੇ ਮਧਰੇ ਬੂਟੇ ਦੇਖੇ ਗਏ ਹਨ, ਜਿਸ ਦੇ ਕਈ ਕਾਰਨ ਹੋ ਸਕਦੇ ਹਨ।

- **ਚਿੱਟੀ ਪਿੱਠ ਵਾਲਾ ਟਿੱਡਾ**: ਝੋਨੇ ਦੇ ਬੂਟਿਆਂ ਦਾ ਮਧਰਾ ਰਹਿ ਜਾਣਾ ਇੱਕ ਨਵਾਂ ਰੋਗ ਹੈ ਜੋ ਕਿ ਪਹਿਲੀ ਵਾਰ ਸੰਨ 2022 ਵਿੱਚ ਵੇਖਿਆ ਗਿਆ ਸੀ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਵੱਲੋਂ ਇਸ ਰੋਗ ਦੇ ਕਾਰਨ ਦੀ ਪਹਿਚਾਣ, ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ ਵਾਇਰਸ ਵਜੋਂ ਕੀਤੀ ਗਈ। ਇਹ ਰੋਗ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ।ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ।ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ ਤਿਹਾਈ ਰਹਿ ਜਾਂਦੀ ਹੈ। ਜਿਆਦਾ ਹਮਲੇ ਕਾਰਨ ਬੂਟੇ ਮੁਰਝਾ ਕੇ ਸੁੱਕ ਜਾਂਦੇ ਹਨ। ਕਿਸਾਨ ਵੀਰ ਆਪਣੇ ਖੇਤਾਂ ਦੇ ਵੱਟਾਂ ਬੰਨਿਆਂ ਅਤੇ ਪਾਣੀ ਵਾਲੀਆਂ ਖਾਲ੍ਹਾਂ ਨੂੰ ਨਦੀਨਾਂ ਤੋਂ ਮੁਕਤ ਰੱਖਣ ਅਤੇ ਇਸ ਰੋਗ ਨਾਲ ਪ੍ਰਭਾਵਿਤ ਬੂਟਿਆਂ ਨੂੰ ਸ਼ੁਰੂ ਵਿੱਚ ਹੀ ਪੁੱਟ ਕੇ ਡੂੰਘਾ ਦੱਬ ਦੇਣ।
- ਜੇਕਰ ਚਿੱਟੀ ਪਿੱਠ ਵਾਲੇ ਟਿੱਡੇ ਦਾ ਹਮਲਾ ਨਜ਼ਰ ਆਵੇ ਤਾਂ ਇਸ ਦੀ ਰੋਕਥਾਮ ਲਈ 60 ਗ੍ਰਾਮ ਓਲਾਲਾ ਜਾਂ 94 ਮਿ.ਲਿ. ਪੈਕਸਾਲੋਨ ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮੀਨੈਂਟ ਜਾਂ 120 ਗ੍ਰਾਮ ਚੈਸ ਜਾਂ 400 ਮਿ.ਲਿ. ਆਰਕੈਸਟਰਾ ਜਾਂ 300 ਮਿ.ਲਿ. ਇਮੈਜ਼ਨ ਨੂੰ 100 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ।ਛਿੜਕਾਅ ਲਈ ਪਿੱਠੂ ਪੰਪ ਅਤੇ ਕੋਨ ਵਾਲੀ ਨੋਜ਼ਲ ਦਾ ਇਸਤੇਮਾਲ ਕਰੋ।
- **ਜ਼ਿੰਕ ਦੀ ਘਾਟ**: ਇਸ ਤੋਂ ਇਲਾਵਾ ਝੋਨੇ ਦੇ ਕਈ ਖੇਤਾਂ ਵਿੱਚ ਜ਼ਿੰਕ ਦੀ ਘਾਟ ਵੇਖੀ ਗਈ ਹੈ, ਜਿਸ ਨਾਲ ਪ੍ਰਭਾਵਿਤ ਬੂਟੇ ਵੀ ਛੋਟੇ ਦਿਖਾਈ ਦਿੰਦੇ ਹਨ। ਅਜਿਹੇ ਬੂਟਿਆਂ ਦੀ ਜਾਂਚ-ਪੜਤਾਲ ਕਰਵਾ ਕੇ ਜ਼ਿੰਕ ਦੀ ਘਾਟ ਨੂੰ ਪੂਰਾ ਕਰੋ।
- **ਖੇਤਾਂ ਵਿੱਚ ਪਾਣੀ ਦਾ ਖੜ੍ਹਣਾ**: ਕਈ ਖੇਤਾਂ ਵਿੱਚ ਜਿਆਦਾ ਦੇਰ ਤੱਕ ਪਾਣੀ ਖੜਾ ਰਹਿਣ ਕਰਕੇ ਟਾਂਵੇਂ-ਟਾਵੇਂ ਬੂਟਿਆਂ ਦਾ ਵਾਧਾ ਰੁਕਿਆ ਹੋਇਆ ਨਜ਼ਰ ਆਉਂਦਾ ਹੈ ਅਤੇ ਇਨ੍ਹਾਂ ਬੂਟਿਆਂ ਦੀਆਂ ਜੜ੍ਹਾਂ ਕਾਲੀਆਂ ਦਿਖਾਈ ਦਿੰਦੀਆਂ ਹਨ। ਅਜਿਹੇ ਖੇਤਾਂ ਵਿੱਚੋਂ ਪਾਣੀ ਸੁਕਾ ਕੇ ਹਵਾ ਲਵਾਓ ਤਾਂ ਕਿ ਇਹ ਬੂਟੇ ਚੱਲ ਪੈਣ।

ਕਿਸਾਨ ਵੀਰੋਂ! ਇਨੀ ਦਿਨੀਂ ਆਪਣੇ ਖੇਤਾਂ ਦਾ ਸਰਵੇਖਣ ਕਰੋ ਅਤੇ ਇਸ ਤਰ੍ਹਾਂ ਦੀ ਅਲਾਮਤ ਨਜ਼ਰ ਆਉਣ ਤੇ ਆਪਣੇ ਨੇੜੇ ਦੇ ਖੇਤੀਬਾੜੀ ਮਾਹਿਰਾਂ ਨਾਲ ਸੰਪਰਕ ਕਰੋ।



ਰੋਗੀ ਬੂਟੇ ਤੰਦਰੁਸਤ ਬੂਟਾ



ਬਿਮਾਰੀ ਨਾਲ ਪ੍ਰਭਾਵਿਤ ਖੇਤ



ਚਿੱਟੀ ਪਿੱਠ ਵਾਲੇ ਬੱਚੇ ਅਤੇ ਬਾਲਗ

ਮਨਦੀਪ ਹੂੰਜਨ, ਕਮਲਦੀਪ ਸਿੰਘ ਸੂਰੀ ਅਤੇ ਅਮਰਜੀਤ ਸਿੰਘ
ਮੋਬਾਇਲ: 9779-07040

# ਝੋਨੇ ਦੀ ਫਸਲ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਅਤੇ ਪ੍ਰਬੰਧਨ

- ਜ਼ਿੰਕ ਪੋਦਿਆਂ ਲਈ ਇੱਕ ਜ਼ਰੂਰੀ ਪੌਸ਼ਟਿਕ ਤੱਤ ਹੈ ਜੋ ਕਿ ਪੋਦਿਆਂ ਦੇ ਵਿਕਾਸ ਅਤੇ ਜਿਆਦਾ ਪੈਦਾਵਾਰ ਲਈ ਅਹਿਮ ਭੂਮਿਕਾ ਨਿ-ਬਾਉਂਦਾ ਹੈ ।ਜ਼ਿੰਕ ਪੋਦਿਆਂ ਵਿੱਚ ਗਤੀਸ਼ੀਲ ਅਤੇ ਮਿੱਟੀ ਵਿੱਚ ਸਥਿਰ ਰਹਿੰਦਾ ਹੈ।ਜ਼ਿੰਕ ਦੀ ਘਾਟ ਆਮ ਤੌਰ ਤੇ ਕਲਰ, ਤੀਬਰ ਫ਼ਸਲੀ ਪ੍ਰਣਾਲੀ, ਜਿਆਦਾ ਉਪਲਬਧ ਫਾਸਫੋਰਸ ਦੀ ਮਾਤਰਾ, ਲਗਾਤਾਰ ਪਾਣੀ ਖੜਾ ਰਖਣ ਜਾਂ ਮਾੜੀ ਨਿਕਾਸੀ ਵਾਲੀਆਂ ਜ਼ਮੀਨਾ ਵਿੱਚ ਹੁੰਦੀ ਹੈ।
- ਨਿਸ਼ਾਨੀਆਂ: ਝੋਨੇ ਦੀ ਪਨੀਰੀ ਲਾਉਣ ਤੋਂ 2-3 ਹਫ਼ਤਿਆਂ ਬਾਅਦ ਜ਼ਿੰਕ ਦੀ ਕਮੀ ਦੇ ਲੱਛਣ ਦਿਖਾਈ ਦਿੰਦੇ ਹਨ।ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ। ਅਿ-ਜਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ। ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ।
- ਪ੍ਰਬੰਧਨ: ਜ਼ਿੰਕ ਦੀ ਘਾਟ ਵਾਲੀਆਂ ਜਮੀਨਾਂ ਵਿੱਚ, ਝੋਨੇ ਦੀ ਪਨੀਰੀ ਬੀਜਣ ਸਮੇਂ 40 ਕਿਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਜਾਂ 25.5 ਕਿਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਮਿੱਟੀ ਵਿੱਚ ਰਲਾ ਦਿਉ।
- ਝੋਨੇ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ ਨੂੰ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਮਿੱਟੀ ਵਿੱਚ ਰਲਾ ਦਿਉ। ਜੇਕਰ ਬੀਜੀ ਫ਼ਸਲ ਵਿੱਚ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਖੇਤ ਦੇ ਘਾਟ ਵਾਲੇ ਥਾਵਾਂ ਵਿੱਚ ਛੱਟੇ ਨਾਲ ਪਾ ਦਿਉ।






ਝੋਨੇ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ

ਵਿਵੇਕ ਸ਼ਰਮਾ, ਭੂਮੀ ਵਿਗਿਆਨ ਵਿਭਾਗ
ਮੋਬਾਇਲ: 9876917183

# ਮਿਆਰੀ ਝਾੜ ਲਈ ਸਾਉਣੀ ਦੀਆਂ ਫ਼ਸਲਾਂ ਵਿੱਚ ਸੂਖ਼ਮ ਤੱਤਾਂ ਦੀ ਘਾਟ ਪੂਰੀ ਕਰੋ

ਕਿਸਾਨ ਵੀਰਾਂ ਨੂੰ ਫ਼ਸਲਾਂ ਦੀ ਬਿਜਾਈ ਤੋਂ ਪਹਿਲਾਂ ਖੇਤਾਂ ਦੀ ਮਿੱਟੀ ਪਰਖ਼ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਜ਼ਮੀਨ ਵਿੱਚ ਘਾਟ ਵਾਲੇ ਸੂਖ਼ਮ ਤੱਤਾਂ ਦੀ ਸਮੇਂ ਸਿਰ ਪੂਰਤੀ ਕੀਤੀ ਜਾ ਸਕੇ।ਪਰ ਜੇਕਰ ਮਿੱਟੀ ਪਰਖ਼ ਨਹੀਂ ਕਰਵਾਈ, ਤਾਂ ਫ਼ਸਲਾਂ ਤੇ ਇਹਨਾਂ ਸੂਖ਼ਮ ਤੱਤਾਂ ਦੀ ਘਾਟ ਨੂੰ ਪਛਾਣ ਕੇ ਪੂਰਤੀ ਕਰ ਲੈਣੀ ਚਾਹੀਦੀ ਹੈ।

## ਮੱਕੀ

ਮੱਕੀ ਵਿੱਚ ਜ਼ਿੰਕ ਦੀ ਘਾਟ ਫ਼ਸਲ ਉਗਣ ਤੋਂ 2 ਹਫ਼ਤਿਆਂ ਬਾਅਦ ਬੂਟੇ ਦੇ ਉਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਸਫ਼ੈਦ ਜਾਂ ਹਲਕੇ ਪੀਲੇ ਰੰਗ ਦੀ ਪੱਟੀ ਦੇ ਰੂਪ ਵਿੱਚ ਨਜ਼ਰ ਆਉਂਦੀ ਹੈ।ਜ਼ਿੰਕ ਦੀ ਘਾਟ ਨਾਲ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਗੰਢਾਂ ਨੇੜੇ-ਨੇੜੇ ਰਹਿ ਜਾਂਦੀਆਂ ਹਨ।ਛੱਲੀਆਂ ਦਾ ਬੂਰ ਅਤੇ ਸੂਤ ਨਿਕਲਣ ਵਿੱਚ ਦੇਰੀ ਹੋ ਜਾਂਦੀ ਹੈ।

ਜ਼ਿੰਕ ਦੀ ਪੂਰਤੀ ਲਈ ਬਿਜਾਈ ਵੇਲੇ ਹੀ 10 ਕਿੱਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ (21% ਜ਼ਿੰਕ) ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਵਿੱਚ ਮਿਲਾ ਦਿਓ।ਜੇਕਰ ਮੰਡੀ ਵਿੱਚ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ (33% ਜ਼ਿੰਕ) ਉਪਲਭਧ ਹੋਵੇ ਤਾਂ ਪ੍ਰਤੀ ਏਕੜ 6.5 ਕਿੱਲੋ ਹੀ ਵਰਤੋ। ਜੇਕਰ ਖੜ੍ਹੀ ਫ਼ਸਲ 'ਤੇ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 10 ਕਿੱਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਜਾਂ 6.5 ਕਿੱਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਭਗ ਇੰਨ੍ਹੀ ਹੀ ਸੁੱਕੀ ਮਿੱਟੀ ਵਿੱਚ ਰਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾਓ, ਅਤੇ ਗੋਡੀ ਕਰਕੇ ਜ਼ਮੀਨ ਵਿੱਚ ਰਲਾਉਣ ਮਗਰੋਂ ਪਾਣੀ ਲਾ ਦਿਓ।ਜ਼ਿੰਕ ਦੀ ਪੂਰਤੀ, ਜ਼ਿੰਕ ਸਲਫ਼ੇਟ ਦੇ ਘੋਲ ਦਾ ਛਿੜਕਾਅ ਕਰਕੇ ਵੀ ਕੀਤੀ ਜਾ ਸਕਦੀ ਹੈ।ਇਹ ਘੋਲ 1200 ਗ੍ਰਾਮ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਅਤੇ 600 ਗ੍ਰਾਮ ਅਣਬੁਝਿਆ ਚੂਨਾ, 200 ਲੀਟਰ ਪਾਣੀ ਵਿੱਚ ਜਾਂ 750 ਗ੍ਰਾਮ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਅਤੇ 375 ਗ੍ਰਾਮ ਅਣਬੁਝਿਆ ਚੂਨਾ, 200 ਲਿਟਰ ਪਾਣੀ ਵਿੱਚ ਘੋਲ ਕੇ ਤਿਆਰ ਕਰੋ।

## ਕਮਾਦ

ਹਲਕੀਆਂ ਜ਼ਮੀਨਾਂ ਵਿੱਚ ਕਮਾਦ ਦੀ ਫ਼ਸਲ ਉਪਰ ਲੋਹੇ ਦੀ ਘਾਟ ਵੀ ਵੇਖਣ ਵਿੱਚ ਆਉਂਦੀ ਹੈ।ਕਮਾਦ ਵਿੱਚ ਲੋਹੇ ਤੱਤ ਦੀ ਘਾਟ ਕਾਰਨ ਨਵੀਆਂ ਪੱਤੀਆਂ ਦੀਆਂ ਹਰੀਆਂ ਨਾੜੀਆਂ ਦੇ ਵਿਚਕਾਰ ਪੀਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਬਾਅਦ ਵਿੱਚ ਨਾੜੀਆਂ ਵੀ ਪੀਲੀਆਂ ਹੋਣ ਲੱਗ ਪੈਂਦੀਆਂ ਹਨ।ਲੋਹੇ ਦੀ ਬਹੁਤੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਪੱਤੇ ਸਫ਼ੈਦ ਰੰਗ ਦੇ ਹੋ ਜਾਂਦੇ ਹਨ ਅਤੇ ਬੂਟਾ ਸਧਾਰਨ ਨਾਲੋਂ ਛੋਟੇ ਆਕਾਰ ਦਾ ਰਹਿ ਜਾਂਦਾ ਹੈ। ਜਦੋਂ ਵੀ ਫ਼ਸਲ 'ਤੇ ਇਹ ਨਿਸ਼ਾਨੀਆਂ ਨਜ਼ਰ ਆਉਣ, ਉਸ ਵੇਲੇ ਫ਼ੈਰਸ ਸਲਫ਼ੇਟ ਦੇ 1.0% ਘੋਲ ਦੇ ਹਫ਼ਤੇ-ਹਫ਼ਤੇ ਦੇ ਵਕਫ਼ੇ ਤੇ 2-3 ਵਾਰ ਛਿੜਕਾਅ ਕਰੋ।ਫ਼ੈਰਸ ਸਲਫ਼ੇਟ ਦਾ ਇਹ ਘੋਲ ਤਿਆਰ ਕਰਨ ਲਈ 1 ਕਿੱਲੋ ਫ਼ੈਰਸ ਸਲਫ਼ੇਟ ਖ਼ਾਦ ਨੂੰ 100 ਲ਼ੀਟਰ ਪਾਣੀ ਵਿੱਚ ਘੋਲੋ।

ਰਮਿੰਦਰ ਕੌਰ ਹੁੰਦਲ, ਪ੍ਰਿਤਪਾਲ ਸਿੰਘ ਅਤੇ ਬਿਕਰਮਜੀਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ
ਮੋਬਾਇਲ: 84271-55533

# ਬਰਸਾਤ ਰੁੱਤ ਵਿੱਚ ਸਬਜ਼ੀਆਂ ਦੀ ਕਾਸ਼ਤ : ਸਮੱਸਿਆਵਾਂ ਅਤੇ ਹੱਲ



## ਅਜੈਵਿਕ ਸਮੱਸਿਆਵਾਂ


- **ਮੀਂਹ ਪੈਣ ਨਾਲ ਖੇਤਾਂ ਵਿੱਚ ਪਾਣੀ ਭਰਨਾ** : ਸਾਨੂੰ ਸਹੀ ਜਗ੍ਹਾ ਚੋਣ ਕਰਨੀ ਬਹੁਤ ਜ਼ਰੂਰੀ ਹੈ ਤਾਂ ਜੋ ਜ਼ਮੀਨ ਬਾਕੀ ਖੇਤਾਂ ਨਾਲੋਂ ਉੱਚੀ ਹੋਵੇ ।ਬਿਜਾਈ/ਬੂਟੇ ਲਗਾਉਣ ਸਮੇਂ ਅੱਧੇ ਤੋਂ ਪੌਣਾ ਫੁੱਟ (15-20 ਸੈਂਟੀਮੀਟਰ) ਉੱਚੇ ਬੈਡ ਬਣਾਉਣੇ ਚਾਹੀਦੇ ਹਨ।ਖੇਤ ਵਿੱਚ ਪਾਣੀ ਖੜੋਣ ਦੀ ਹਾਲਤ ਵਿੱਚ ਵਾਧੂ ਪਾਣੀ ਨੂੰ ਕੱਢਣ ਲਈ ਢਲਾਨ ਵਾਲੇ ਪਾਸੇ ਟੋਏ ਪੁੱਟ ਕੇ ਪਾਣੀ ਨੂੰ ਕੱਢਿਆ ਜਾ ਸਕਦਾ ਹੈ।
- **ਪਰਾਗ ਕਿਰਿਆ ਦਾ ਘੱਟਣਾ** : ਗਰਮੀ, ਬਰਸਾਤ ਅਤੇ ਜਿਆਦਾ ਨਮੀ ਹੋਣ ਕਾਰਨ ਮਧੂ-ਮੱਖੀਆਂ ਅਤੇ ਤਿਤਲੀਆਂ ਦੀ ਗਤੀਵਿਧੀ ਵਿਚ ਵਿਘਨ ਪੈਦਾ ਹੈ । ਵਰਖਾ ਰੁੱਤ ਦੌਰਾਨ ਪਰਾਗ ਕਿਰਿਆ ਨੂੰ ਵਧਾਉਣ ਲਈ ਨਰ ਅਤੇ ਮਾਦਾ ਫੁੱਲਾਂ ਦਾ ਮਿਲਾਪ ਕਰਵਾਓ ਤਾ ਜੋ ਪਰਾਗ ਕਿਰਿਆ ਵਧਾਈ ਜਾ ਸਕੇ ।
- **ਬੱਦਲ ਵਾਈ ਜਾਂ ਘੱਟ ਰੌਸ਼ਨੀ ਦਾ ਫ਼ਸਲਾਂ ਉਪਰ ਪ੍ਰਭਾਵ ਅਤੇ ਹੱਲ** : ਬਰਸਾਤ ਵੇਲੇ ਪੌਦਿਆਂ ਨੂੰ ਭੋਜਨ ਬਣਾਉਣ, ਵਾਧਾ- ਵਿਕਾਸ ਕਰਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੌਦਿਆਂ ਨੂੰ ਸਿਫ਼ਾਰਸ਼ ਕੀਤੇ ਹੋਏ ਫ਼ਾਸਲੇ ਤੇ ਲਗਾਉਣਾ ਚਾਹੀਦਾ ਹੈ ਤਾਂ ਜੋ ਇਹਨਾਂ ਦਾ ਸਹੀ ਵਾਧਾ ਵਿਕਾਸ ਹੋ ਸਕੇ ਅਤੇ ਆਪਸੀ ਮੁਕਾਬਲੇ ਜਾਂ ਤੱਤਾਂ ਦੀ ਪੂਰਤੀ ਹੋ ਸਕੇ ।
- **ਮੀਂਹ ਕਾਰਨ ਜਮੀਨ ਵਿੱਚੋ ਖੁਰਾਕੀ ਤੱਤਾ ਦੀ ਉਪਲੱਬਧਤਾ ਘੱਟਣੀ** : ਬੈੱਡਾਂ ਦੇ ਵਿਚਕਾਰ ਬਣੀਆਂ ਖਾਲੀਆਂ, ਜਾ ਵੱਟਾਂ ਦੇ ਨਾਲ ਬਣੀਆਂ ਖਾਲੀਆਂ ਵਿੱਚ ਖਾਦ-ਖੁਰਾਕ ਪਾ ਕੇ ਮਿੱਟੀ ਲਗਾਉਣੀ ਚਾਹੀਦੀ ਹੈ ਇਸ ਨਾਲ-ਨਾਲ ਸਾਨੂੰ ਉਹਨਾਂ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜ਼ਿਹੜੀਆ ਖਾਦਾਂ ਹੌਲੀ-ਹੌਲੀ ਤੱਤ ਛੱਡਦੀਆਂ ਹਨ ਜਿਵੇਂ ਕਿ ਸਲਫ਼ਰ ਨਿਪਤ ਯੂਰੀਆ ਅਤੇ ਇਸ ਦੇ ਨਾਲ-ਨਾਲ ਸਾਨੂੰ ਖੇਤ ਵਿੱਚ ਪਰਾਲੀ ਜਾ ਪਲਾਸਟਿਕ ਮਲਚਿੰਗ ਦੀ ਵਰਤੋਂ ਕਰਨੀ ਚਾਹੀਦੀ ਹੈ ।

## ਜੈਵਿਕ ਸਮੱਸਿਆਵਾਂ

- **ਨਦੀਨ** : ਨਦੀਨਾਂ ਦੀ ਰੋਕਥਾਮ ਲਈ ਗੋਡੀ ਜਾਂ ਨਦੀਨ-ਨਾਸ਼ਕ ਦੀ ਵਰਤੋਂ ਕਰੋ ਖਾਸ ਕਰਕੇ ਸਾਉਣੀ ਦੇ ਪਿਆਜ਼ ਨੂੰ ਨਦੀਨ ਰਹਿਤ ਕਰਨ ਲਈ ਸਿਫ਼ਾਰਸ਼ ਕੀਤੀ ਨਦੀਨ ਨਾਸ਼ਕਾਂ ਦਾ ਛਿੜਕਾਅ ਕਰੋ ।
- **ਕੀੜੇ-ਮਕੌੜੇ** : ਕੀੜ੍ਹਿਆਂ ਤੋਂ ਬਚਾਉਣ ਲਈ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਜੇਕਰ ਇਨ੍ਹਾਂ ਦੀ ਗਿਣਤੀ ਆਰਥਿਕ ਕਗਾਰ ਤੋਂ ਜ਼ਿਆਦਾ ਹੋ ਜਾਵੇ ਤਾਂ ਸਿਫਾਰਸ਼ ਕੀਟਨਾਸ਼ਕਾਂ ਜਿਵੇਂ ਕਿ ਪੀ.ਏ.ਯੂ. ਨਿੰਮ ਦਾ ਘੋਲ 1200 ਮਿਲੀਲੀਟਰ, 40 ਮਿਲੀਲੀਟਰ ਕੋਨਫੀਡੋਰ 17.8 ਐੱਸ.ਐੱਲ. ਨੂੰ 100 ਲਿਟਰ ਪਾਣੀ ਪ੍ਰਤੀ ਏਕੜ ਵਿੱਚ ਘੋਲ ਕੇ ਛਿੜਕਾਅ ਕਰੋ । ਇਸ ਤੋਂ ਇਲਾਵਾ ਪੱਤੇ ਖਾਣ ਵਾਲੀ ਲਾਲ ਭੂੰਡੀ, ਫ਼ਲਾਂ ਅਤੇ ਲਗਰਾਂ ਦੀ ਸੁੰਡੀ ਦੇ ਹਮਲਾ ਤੋਂ ਬਚਾਅ ਲਈ ਕੋਰਾਜਨ80 ਐਮ. ਐਲ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।
- **ਬਿਮਾਰੀਆਂ**- ਉੱਲੀ ਰੋਗ ਅਤੇ ਝੁਲਸ ਰੋਗ: ਜਿਆਦਾ ਨਮੀਂ ਅਤੇ ਉੱਚ ਤਾਪਮਾਨ ਦੌਰਾਨ ਵੇਲਾਂ ਵਾਲੀਆਂ ਸਬਜ਼ੀਆ ਵਿੱਚ ਪੱਤਿਆਂ ਤੇ ਧੱਬਿਆਂ ਦਾ ਰੋਗ, ਚਿੱਟੋ ਦਾ ਰੋਗ, ਗਿੱਚੀ ਗਲਣਾ, ਤਣਾ ਗਲਣਾ ਅਤੇ ਝੁਲਸ ਰੋਗ ਆਮ ਦੇਖਣ ਨੂੰ ਮਿਲਦਾ ਹੈ। ਇਸ ਦੀ ਰੋਕਥਾਮ ਲਈ ਸਿਫ਼ਾਰਸ਼ ਕੀਤੇ ਉੱਲੀਨਾਸ਼ਕਾਂ ਦਾ ਛਿੜਕਾਅ ਕਰੋ ।
- **ਵਿਸ਼ਾਣੂ ਰੋਗ** :ਇਹ ਸਮੱਸਿਆਵਾਂ ਆਮ ਤੌਰ ਤੇ ਕੱਦੂ ਜਾਤੀ ਦੀਆਂ ਸਬਜ਼ੀਆਂ, ਟਮਾਟਰ ਅਤੇ ਭਿੰਡੀ ਵਿੱਚ ਦੇਖਣ ਨੂੰ ਮਿਲਦੀ ਹੈ।
- **ਇਸ ਬਿਮਾਰੀ ਦੇ ਮੁੱਖ ਲੱਛਣ** : ਪੱਤਿਆਂ ਉੱਪਰ ਚਟਾਖ ਪੈਣੇ, ਪੱਤੇ ਸੁੰਗੜ ਕੇ ਮੁੜ ਜਾਣੇ, ਪੱਤਿਆਂ ਦੀਆਂ ਨਾੜਾਂ ਪੀਲੀਆਂ ਪੈ ਜਾਣੀਆਂ ਆਦਿ ਹਨ।ਇਸ ਬਿਮਾਰੀ ਤੋਂ ਬਚਾਅ ਲਈ ਬੂਟੇ ਪੱਟ ਕੇ ਦੱਬ ਦੇਣੇ ਚਾਹੀਦੇ ਹਨ ਅਤੇ ਫ਼ਸਲ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ, ਕਿਉਂਕਿ ਚਿੱਟੀ ਮੱਖੀ ਇਸ ਬਿਮਾਰੀ ਨੂੰ ਫੈਲਾਉਂਦੀ ਹੈ।ਇਸ ਬਿਮਾਰੀ ਤੋਂ ਬਚਾਅ ਲਈ ਸਿਫ਼ਾਰਸ਼ ਕੀਤੀਆ ਕਿਸਮਾਂ ਦੀ ਬਿਜਾਈ ਕਰੋ।ਜਿਵੇਂ ਕਿ : ਹਲਵਾ ਕੱਦੂ ਦੀ ਪੰਜਾਬ ਨਵਾਬ ਕਿਸਮ, ਟਮਾਟਰ ਦੀਆ ਪੰਜਾਬ ਵਰਖਾ ਬਹਾਰ 4, ਪੰਜਾਬ ਵਰਖਾ ਬਹਾਰ 1, ਪੰਜਾਬ ਵਰਖਾ ਬਹਾਰ 2, ਅਤੇ ਭਿਡੀ ਦੀਆ ਪੰਜਾਬ ਸੁਹਾਵਨੀ , ਪੰਜਾਬ 8 ਕਿਸਮਾ ਹਨ।

ਸਰਵਪ੍ਰਿਆ ਸਿੰਘ ਅਤੇ ਦਿਲਪ੍ਰੀਤ ਤਲਵਾੜ, ਪੀ. ਏ. ਯੂ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ
ਮੋਬਾਇਲ: 95927-72123

# ਖੇਤਾਂ ਵਿੱਚ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ



- ਮੈਦਾਨੀ ਇਲਾਕਿਆਂ ਵਿੱਚ ਵਾਹੀ ਉਪਰੰਤ ਖੇਤ ਵਿੱਚ ਲੋੜ ਮੁਤਾਬਿਕ ਕਿਆਰੇ ਪਾਉ ਤਾਂ ਜੋ ਮੀਂਹ ਦਾ ਪਾਣੀ ਕਿਆਰਿਆਂ ਵਿੱਚ ਇਕੱਠਾ ਹੋ ਸਕੇ। ਦਰਮਿਆਨੀਆਂ ਤੋਂ ਭਾਰੀਆ ਜ਼ਮੀਨਾਂ ਦੇ ਮੁਕਾਬਲੇ ਹਲਕੀਆਂ ਜ਼ਮੀਨਾਂ ਵਿੱਚ ਪ੍ਰਤੀ ਏਕੜ ਜ਼ਿਆਦਾ ਕਿਆਰੇ ਪਾਉਣ ਨਾਲ ਪਾਣੀ ਫ਼ਸਲ ਦੇ ਜੜ-ਖੇਤਰ ਵਿੱਚ ਹੀ ਸੰਭਾਲਿਆ ਜਾ ਸਕਦਾ ਹੈ। ਇਸੇ ਤਰ੍ਹਾਂ, ਢਲਾਨਾਂ ਵਾਲੇ ਖੇਤਾਂ ਵਿੱਚ ਵੀ ਛੋਟੇ ਕਿਆਰੇ ਪਾਉਣੇ ਚਾਹੀਦੇ ਹਨ, ਨਹੀਂ ਤਾਂ ਮੀਂਹ ਦਾ ਪਾਣੀ ਇੱਕ ਪਾਸੇ ਇਕੱਠਾ ਹੋਣ ਕਰਕੇ ਵੱਟਾਂ ਟੁੱਟਣ ਦਾ ਖਤਰਾ ਬਣ ਜਾਂਦਾ ਹੈ।
- ਕਿਆਰੇ ਪਾਉਣ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵੱਟਾਂ ਉੱਚੀਆ ਹੋਣ ਜਿਹੜੀਆਂ ਪਾਣੀ ਦੇ ਤੇਜ ਵਹਾਅ ਨੂੰ ਕਾਬੂ ਕਰ ਸਕਣ।
- ਕੰਢੀ ਇਲਾਕੇ ਵਿੱਚ ਜ਼ਿਆਦਾ ਉੱਚੀਆ ਨੀਵੀਂਆ ਥਾਵਾਂ ਨੂੰ ਪੱਧਰ ਕਰਕੇ ਪਾਣੀ ਦੇ ਯੋਗ ਨਿਕਾਸ ਲਈ ਖਾਲ ਜਾਂ ਪਾਈਪਾਂ ਦਾ ਪ੍ਰਬੰਧ ਕਰ ਲਉ, ਤਾਂ ਜੋ ਮੀਂਹ ਦਾ ਪਾਣੀ ਸੁਰੱਖਿਅਤ ਥਾਂ ਤੇ ਇਕੱਠਾ ਕੀਤਾ ਜਾ ਸਕੇ। ਜ਼ਿਆਦਾ ਲੰਬੀਆਂ ਢਲਾਨਾਂ ਵਾਲੇ ਖੇਤਾਂ ਦੀ ਬੜ੍ਹਾਬੰਦੀ ਕਰਕੇ, ਪੌੜੀਨੁਮਾ ਖੇਤੀ ਕਰਕੇ ਮੀਂਹ ਦਾ ਪਾਣੀ ਸੰਭਾਲਿਆਂ ਜਾ ਸਕਦਾ ਹੈ। ਇਸ ਨਾਲ ਭੌਂ-ਖੋਰ ਵੀ ਨਹੀਂ ਹੁੰਦਾ ਤੇ ਜ਼ਮੀਨੀ ਪਾਣੀ ਦੀ ਭਰਪਾਈ ਵੀ ਹੋ ਸਕੇਗੀ।
- ਝੋਨੇ ਦੇ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣਾ ਜ਼ਰੂਰੀ ਨਹੀਂ। ਲੁਆਈ ਦੇ ਦੋ ਹਫ਼ਤਿਆਂ ਪਿੱਛੋਂ ਪਾਣੀ ਉਸ ਵੇਲੇ ਦਿਉ ਜਦੋਂ ਖੇਤ ਵਿਚਲਾ ਪਹਿਲਾ ਪਾਣੀ ਜਾਂ ਮੀਂਹ ਦਾ ਪਾਣੀ ਜਜ਼ਬ ਹੋ ਜਾਵੇ ਅਤੇ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ। ਪਰ ਇਸ ਗੱਲ ਦਾ ਵੀ ਧਿਆਨ ਰੱਖੋ, ਕਿ ਜ਼ਮੀਨ ਵਿੱਚ ਤ੍ਰੇੜਾਂ ਨਾ ਪੈਣ।
- ਮੱਕੀ ਬੀਜਣ ਦੇ ਸ਼ੁਰੂਆਤੀ ਦਿਨਾਂ ਵਿੱਚ ਬਰਸਾਤੀ ਪਾਣੀ ਵੱਧ ਨੁਕਸਾਨ ਕਰਦਾ ਹੈ। ਇਸ ਲਈ ਮੱਕੀ ਦੀ ਉਤਪਾਦਕਤਾ ਵਧਾਉਣ ਲਈ ਖੇਤ ਵਿੱਚੋਂ ਪਾਣੀ ਦਾ ਨਿਕਾਸ ਕਰਨਾ ਬਹੁਤ ਜ਼ਰੂਰੀ ਹੈ। ਬੈੱਡਾਂ ਜਾਂ ਵੱਟਾਂ ਤੇ ਬੀਜੀ ਗਈ ਮੱਕੀ ਵਾਲੇ ਖੇਤ ਵਿੱਚੋਂ ਪਾਣੀ ਖੇਤ ਦੇ ਨੀਵੇਂ ਪਾਸੇ ਵੱਲ ਇਕੱਠਾ ਕਰਕੇ ਨਿਕਾਸ ਕਰ ਦਿਓ। ਵਧੇਰੇ ਨੁਕਸਾਨ ਹੋਣ ਦੀ ਸੂਰਤ ਵਿੱਚ ਖੇਤ ਵਿੱਚੋਂ ਪਾਣੀ ਦੇ ਨਿਕਾਸ ਤੋਂ ਬਾਅਦ 25-50 ਕਿੱਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦਿਉ।
- ਜਵਾਰ, ਬਾਜਰਾ ਤੇ ਦਾਲਾਂ ਵਾਲੀਆਂ ਫਸਲਾਂ ਵਿੱਚੋਂ ਪਾਣੀ ਦਾ ਨਿਕਾਸ, ਪਾਣੀ ਵਾਲੀ ਨਿਕਾਸ ਨਲੀ ਬਣਾਕੇ ਕਰਨਾ ਲਾਹੇਵੰਦ ਹੁੰਦਾ ਹੈ।

ਸਤਪਾਲ ਸਿੰਘ ਅਤੇ ਅਮਿਤ ਸਲਾਰੀਆ ਫ਼ਸਲ ਵਿਗਿਆਨ ਵਿਭਾਗ
ਮੋਬਾਇਲ: 81463-55533

# ਵਰਖਾ ਰੁੱਤ ਲਈ ਸ਼ਹਿਦ ਮੱਖੀ ਕਟੁੰਬਾਂ ਦੀ ਤਿਆਰੀ ਅਤੇ ਸੰਭਾਲ



## ੳ. ਵਰਖਾ ਰੁੱਤ ਵਿਚ ਕਟੁੰਬਾਂ ਦਾ ਪਾਣੀ ਅਤੇ ਹੁਮੰਸ ਤੋਂ ਬਚਾਅ

1. **ਕਟੁੰਬਾਂ ਲਈ ਸਹੀ ਜਗ੍ਹਾਂ ਦੀ ਚੋਣ**: ਕਟੁੰਬ ਹਮੇਸ਼ਾ ਲੋਹੇ ਦੇ ਸਟੈਂਡਾਂ ਤੇ ਟਿਕਾਓ। ਨੀਵੇਂ ਖੇਤਾਂ ਵਿਚ, ਕਟੁੰਬ ਨਾ ਰੱਖੋ। ਮੂਹਰਲਾ ਗੇਟ ਵਾਲਾ ਪਾਸਾ ਥੋੜਾ ਨੀਵਾਂ ਰੱਖੋ।
2. **ਮਿਆਰੀ ਕੁਆਲਟੀ ਦੇ ਬਕਸੇ ਅਤੇ ਉੱਪਰਲਾ ਢੱਕਣ**: ਕਟੁੰਬਾਂ ਲਈ ਕੈਲ ਦੀ ਲੱਕੜ ਬਹੁਤ ਢੁਕਵੀਂ ਹੁੰਦੀ ਹੈ। ਬਕਸੇ/ਹਾਈਵ ਦੇ ਉਪਰਲੇ ਢੱਕਣ ਤੇ ਲੱਗੀ ਟਿਨ ਦੀ ਚਾਦਰ ਵੀ ਬਰਸਾਤ ਦੇ ਪਾਣੀ ਨੂੰ ਕਟੁੰਬ ਅੰਦਰ ਦਾਖਲ ਹੋਣ ਤੋਂ ਬਚਾਉਂਦੀ ਹੈ।
3. **ਝੀਥਾਂ ਅਤੇ ਦਰਾੜਾਂ ਨੂੰ ਸੀਲ ਕਰਨਾ**: ਦਰਾੜਾਂ/ਪਾੜਾਂ ਨੂੰ ਮਿੱਟੀ ਲੇਪ ਨਾਲ ਜਾਂ ਖਾਸ ਸਥਿਤੀ ਅਨੁਸਾਰ ਤੁਰੰਤ ਬੰਦ ਕਰੋ।

## ਅ. ਕਟੁੰਬ ਦੇ ਅੰਦਰਲੇ ਵਾਤਾਵਰਣ ਨੂੰ ਸੁਖਾਵਾਂ ਰਖਣਾ

1. **ਕਟੁੰਬਾਂ ਦਾ ਨਿਰੀਖਣ ਅਤੇ ਬੌਟਮ ਬੋਰਡ ਤੋਂ ਕੂੜੇ-ਕਰਕਟ ਦੀ ਸਫਾਈ**: ਵਰਖਾ ਰੁੱਤ ਦੀ ਸ਼ੁਰੂਆਤ ਵਿੱਚ ਹੀ ਬੌਟਮ ਬੋਰਡ ਉੱਤੇ ਪਏ ਕੂੜੇ-ਕਰਕਟ ਨੂੰ ਸਾਫ਼ ਕਰੋ। ਝੀਥਾਂ/ਤਰੇੜਾਂ ਵਿੱਚ ਛਿਪੇ ਮੋਮੀ ਕੀੜਿਆਂ ਦੇ ਅੰਡੇ ਅਤੇ ਸੁੰਡੀਆਂ ਨਸ਼ਟ ਕਰ ਦਿਉ।
2. **ਕਟੁੰਬਾਂ ਨੂੰ ਹਵਾਦਾਰ ਬਣਾਉਣਾ**: ਕਟੁੰਬ ਦੇ ਆਲੇ-ਦੁਆਲਿਓਂ ਘਾਹ-ਫੂਸ, ਬੇਲੋੜੀਆਂ ਦਰਖਤਾਂ ਦੀਆਂ ਨੀਵੀਆਂ ਟਾਹਣੀਆਂ/ਰੁਕਾਵਟਾਂ ਆਦਿ ਨੂੰ ਸਾਫ਼ ਕਰ ਦਿਉ। ਤਕੜੇ ਕਟੁੰਬਾਂ ਦੇ ਗੇਟ ਨੂੰ ਖੋਲ ਦਿਉ ਜਾਂ ਲੋੜ ਅਨੁਸਾਰ ਗੇਟ ਵਾਲੀ ਪੂਰੀ ਫੱਟੀ ਕੱਢ ਦਿਉ। ਤਕੜੇ ਕਟੁੰਬਾਂ ਨੂੰ ਸੁਪਰ ਚੈਂਬਰ ਦੇਣ ਨਾਲ ਕਟੁੰਬ ਦੀ ਛੱਤ ਉੱਚੀ ਕੀਤੀ ਜਾ ਸਕਦੀ ਹੈ ਅਤੇ ਲੋੜ ਪੈਣ ਤੇ ਸੁਪਰ ਚੈਂਬਰ ਵਿੱਚ ਦੂਜਾ ਗੇਟ ਬਣਾ ਕੇ ਕਟੁੰਬ ਨੂੰ ਹੋਰ ਜ਼ਿਆਦਾ ਹਵਾਦਾਰ ਬਣਾਇਆ ਜਾ ਸਕਦਾ ਹੈ। ਬਰੂਡ ਚੈਂਬਰ ਦੀ 10 ਫਰੇਮ ਮੱਖੀ ਵਿਚੋਂ 2-3 ਫਰੇਮ ਮੱਖੀ ਕੱਢ ਕੇ ਸੁਪਰ ਚੈਂਬਰ ਵਿੱਚ ਰੱਖੋ।

## ੲ. ਕਟੁੰਬਾਂ ਲਈ ਖੁਰਾਕ ਦਾ ਜ਼ਰੂਰੀ ਪ੍ਰਬੰਧ

1. **ਕਟੁੰਬ ਦੇ ਅੰਦਰ ਖੁਰਾਕ ਦਾ ਭੰਡਾਰ ਰੱਖਣਾ**: ਬਰਸਾਤ ਦੇ ਮੌਸਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਸ਼ਹਿਦ ਮੱਖੀ ਪਾਲਕ ਯਕੀਨੀ ਬਣਾਉਣ ਕਿ ਕਟੁੰਬਾਂ ਵਿਚ ਮੱਖੀਆਂ ਦੀ ਲੋੜ ਅਨੁਸਾਰ ਸ਼ਹਿਦ ਭੰਡਾਰ ਹੋਣ। ਲੋੜ ਪੈਣ ਤੇ ਸ਼ਹਿਦ ਮੱਖੀ ਪਾਲਕ ਪੱਕੇ ਸ਼ਹਿਦ ਦੇ ਸੈੱਲਾਂ ਦੀਆਂ ਟੋਪੀਆਂ ਖੋਲ ਕੇ ਸ਼ਹਿਦ ਮੱਖੀਆਂ ਦੀ ਖੁਰਾਕ ਦੀ ਪੂਰਤੀ ਕਰ ਸਕਦੇ ਹਨ।
2. **ਖੰਡ ਦਾ ਘੋਲ ਦੇਣਾ**: ਖੰਡ ਅਤੇ ਪਾਣੀ ਦਾ ਘੋਲ 1:1 ਅਨੁਪਾਤ ਵਿੱਚ ਬਣਾ ਕੇ ਸ਼ਹਿਦ ਮੱਖੀਆਂ ਨੂੰ ਦਿੱਤਾ ਜਾਂਦਾ ਹੈ।
3. **ਪੋਲਨ ਜਾਂ ਪੋਲਨ-ਪੂਰਕ ਖੁਰਾਕ ਦੇਣਾ**: ਪੀ.ਏ.ਯੂ. ਪੋਲਨ ਟਰੈਪ ਦੁਆਰਾ ਇਕੱਠਾ ਕੀਤਾ ਵਾਧੂ ਪੋਲਨ ਛੱਤਿਆਂ ਦੇ ਸੈੱਲਾਂ ਵਿੱਚ ਥੱਪ-ਥੱਪਾ ਕੇ ਭਰਿਆ ਜਾ ਸਕਦਾ ਹੈ। ਪੋਲਨ ਦੀ ਅਣਹੋਂਦ ਸਮੇਂ ਪੀ.ਏ.ਯੂ. ਵਲੋਂ ਸਿਫਾਰਸ਼ ਵਿਧੀ ਦੁਆਰਾ ਤਿਆਰ ਪੋਲਨ-ਪੂਰਕ ਖੁਰਾਕ (ਬੀਅਰ ਦੀ ਮਰੀ ਹੋਈ ਖਮੀਰ, ਭੁੱਜੇ ਛੋਲਿਆਂ ਦਾ ਵੇਸਣ, ਸੁੱਕੇ ਦੁੱਧ, ਖੰਡ ਅਤੇ ਪਾਣੀ ਕ੍ਰਮਵਾਰ 42:4:4:25:25 ਹਿੱਸੇ) ਮਾਹਿਰਾਂ ਦੀ ਸਲਾਹ ਅਨੁਸਾਰ ਵਰਤੋ।

## ਸ. ਸ਼ਹਿਦ ਮੱਖੀ ਕਟੁੰਬਾਂਦਾ ਰੌਬਿੰਗ ਅਤੇ ਦੁਸ਼ਮਣਾਂ ਦੇ ਹਮਲਿਆਂ ਤੋਂ ਬਚਾਉ

1. **ਕਟੁੰਬ ਦਾ ਗੇਟ ਛੋਟਾ ਕਰਨਾ**: ਹਾਈਵ ਦਾ ਗੇਟ ਮਿੱਟੀ ਦੇ ਗਾਰੇ ਨਾਲ ਲਿੱਪ ਕੇ ਛੋਟਾ ਕਰ ਦਿਓ। ਇਸ ਤਰ੍ਹਾਂ ਕਰਨ ਨਾਲ ਪਹਿਰੇਦਾਰ ਮੱਖੀਆਂ ਚੋਰੀ ਕਰ ਰਹੀਆਂ ਮੱਖੀਆਂ ਨੂੰ ਅੰਦਰ ਵੜਨ ਤੋਂ ਚੰਗੀ ਤਰ੍ਹਾਂ ਰੋਕ ਸਕਣਗੀਆਂ।
2. **ਕਟੁੰਬਾਂ ਨੂੰ ਇੱਕਸਾਰ ਖੁਰਾਕ ਦੇਣਾ**: ਖੁਰਾਕ ਹਮੇਸ਼ਾ ਸਾਰੇ ਕਟੁੰਬਾਂ ਨੂੰ ਇੱਕੋ ਦਿਨ ਸਿਰਫ਼ ਸ਼ਾਮ ਦੇ ਸਮੇਂ, ਜਦੋਂ ਮੱਖੀਆਂ ਬਾਹਰਲਾ ਕੰਮ ਕਰਨਾ ਬੰਦ ਕਰ ਦੇਣ, ਦੇਣੀ ਚਾਹੀਦੀ ਹੈ ਤਾਂ ਕਿ ਲੁੱਟ-ਖਸੁੱਟ ਲਈ ਬਾਹਰੋਂ ਮੱਖੀਆਂ ਨੂੰ ਸੂਹ ਲੈਣ ਦਾ ਮੌਕਾ ਹੀ ਨਾ ਮਿਲੇ।
3. **ਵੱਧ ਬੱਲਤਾਂ ਵਾਲੇ ਤੱਕੜੇ ਕਟੁੰਬ ਰੱਖਣਾ**: ਵਰਖਾ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਮਜ਼ੋਰ ਕਟੁੰਬਾਂ ਨੂੰ ਆਪਸ ਵਿੱਚ ਅਤੇ ਰਾਣੀ ਰਹਿਤ ਕਟੁੰਬਾਂ ਨੂੰ ਰਾਣੀ ਸਹਿਤ ਕਟੁੰਬਾਂ ਨਾਲ ਮਿਲਾ ਦਿਉ। ਕਟੁੰਬਾਂ ਨੂੰ ਮਿਲਾਉਣ ਲਈ ਸਿਫਾਰਸ਼ ਕੀਤੇ ਅਖਬਾਰ ਵਾਲੇ ਢੰਗ ਦੀ ਵਰਤੋਂ ਕਰੋ।
4. **ਖੁਰਾਕ ਦੀ ਸ਼ੁਰੂ ਹੋਈ ਲੁੱਟ-ਖਸੁੱਟ ਨੂੰ ਬੰਦ ਕਰਨਾ**: ਜੇਕਰ ਰੌਬਿੰਗ ਬਹੁਤ ਹੀ ਜ਼ਿਆਦਾ ਹੋ ਰਹੀ ਹੋਵੇ ਤਾਂ ਚੋਰੀ ਹੋ ਰਹੇ ਕਟੁੰਬ ਦਾ ਗੇਟ ਕੁਝ ਚਿਰ ਲਈ ਜਾਲੀ ਨਾਲ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਗਿੱਲੇ ਘਾਹ ਨੂੰ ਕਾਰਬੋਲਿਕ ਐਸਿਡ (1%), ਮਿੱਟੀ ਦੇ ਤੇਲ ਜਾਂ ਫੀਨਾਇਲ ਵਿੱਚ ਡੁੱਬੋ ਕੇ ਹਾਈਵ ਦੇ ਗੇਟ ਤੇ ਰੱਖਣਾ ਚਾਹੀਦਾ ਹੈ। ਜੇਕਰ ਇਨ੍ਹਾਂ ਉਪਰਾਲਿਆਂ ਨਾਲ ਵੀ ਰੌਬਿੰਗ ਬੰਦ ਨਾ ਹੋਵੇ ਤਾਂ ਰੌਬਿੰਗ ਕਰ ਰਹੇ ਕਟੁੰਬ ਨੂੰ ਲੱਭ ਕੇ ਰਾਤ ਦੇ ਸਮੇਂ ਘੱਟੋ-ਘੱਟ ਤਿੰਨ ਕਿਲੋਮੀਟਰ ਦੀ ਦੂਰੀ ਤੇ ਲੈ ਜਾਣਾ ਚਾਹੀਦਾ ਹੈ। ਜੇਕਰ ਹਾਈਵ ਨੂੰ ਦੂਰ ਲੈ ਜਾਣ ਦਾ ਪ੍ਰਬੰਧ ਨਾ ਹੋਵੇ ਤਾਂ ਚੋਰੀ ਹੋ ਰਹੇ ਅਤੇ ਚੋਰੀ ਕਰ ਰਹੇ ਕਟੁੰਬਾਂ ਦੀ ਆਪਸ ਵਿੱਚ ਜਗ੍ਹਾ ਬਦਲਣ ਨਾਲ ਵੀ ਰੌਬਿੰਗ ਬੰਦ ਕੀਤੀ ਜਾ ਸਕਦੀ ਹੈ।
5. **ਵਾਧੂ ਖਾਲੀ ਛੱਤੇ ਸੰਭਾਲਣਾ:** ਖਾਲੀ ਛੱਤੇ ਕਟੁੰਬ ਵਿੱਚੋਂ ਕੱਢ ਕੇ ਸਿਫਾਰਿਸ਼ ਕੀਤੀ ਵਿਧੀ ਅਨੁਸਾਰ ਸੁਪਰ ਚੈਂਬਰਾਂ ਵਿਚ ਸਲਫਰ ਦੀ ਧੂਣੀ ਦੇ ਕੇ ਸਾਂਭ ਦਿਓ।

ਗੁਰਪ੍ਰੀਤ ਸਿੰਘ ਮੱਕੜ, **ਫਾਰਮ ਸਲਾਹਕਾਰ ਸੇਵਾ ਕੇਂਦਰ, ਫਿਰੋਜ਼ਪੁਰ**
**ਮੋਬਾਇਲ**: 81464-00248

# ਪੀ.ਏ.ਯੂ. ਖੇਤੀ ਮਾਹਿਰਾਂ ਦੇ ਡੈਸਕ ਤੋਂ

## ਮੌਸਮ (24-07-2024)

**ਆਉਣ ਵਾਲੇ 24 ਘੰਟਿਆਂ ਦੌਰਾਨ ਲੁਧਿਆਣਾ ਅਤੇ ਇਸਦੇ ਨਾਲ ਲੱਗਦੇ ਭਾਗਾਂ ਵਿੱਚ ਬੱਦਲਵਾਈ ਬਣੇ ਰਹਿਣ ਨਾਲ ਬਾਰਿਸ਼ ਹੋਣ ਦਾ ਅਨੁਮਾਨ ਹੈ।**

| | |
|---|---|
| ਦਿਨ ਦਾ ਤਾਪਮਾਨ: | 35.8 ਡਿ.ਸੈ. |
| ਰਾਤ ਦਾ ਤਾਪਮਾਨ: | 30.4 ਡਿ.ਸੈ. |
| ਸਵੇਰ ਦੀ ਨਮੀ: | 72% |
| ਸ਼ਾਮ ਦੀ ਨਮੀ: | 59% |
| ਵਾਸ਼ਪੀਕਰਨ: (ਪਿਛਲੇ 24 ਘੰਟਿਆਂ ਦੌਰਾਨ) | 4.0 ਮਿ.ਮਿ. |
| ਬਾਰਿਸ਼: (ਪਿਛਲੇ 24 ਘੰਟਿਆਂ ਦੌਰਾਨ) | 0.0 ਮਿ.ਮਿ |
| ਦਿਨ ਦੀ ਲੰਬਾਈ | 13 ਘੰਟੇ 48 ਮਿੰਟ |

**ਮੌਸਮ ਦੀ ਭਵਿੱਖਵਾਣੀ:** ਅਗਲੇ 3-4 ਦਿਨ ਬੱਦਲਵਾਈ ਬਣੇ ਰਹਿਣ ਦੇ ਨਾਲ ਹਲਕੀ ਤੋਂ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ ।

| ਇਲਾਕੇ /ਮੌਸਮੀ ਪੈਮਾਨੇ | ਨੀਮ ਪਹਾੜੀ ਇਲਾਕੇ | ਮੈਦਾਨੀ ਇਲਾਕੇ | ਦੱਖਣ-ਪੱਛਮੀ ਇਲਾਕੇ |
|---|---|---|---|
| ਵੱਧ ਤੋਂ ਵੱਧ ਤਾਪਮਾਨ (ਡਿ.ਸੈਂ) | 32-36 | 32-38 | 32-37 |
| ਘੱਟ ਤੋਂ ਘੱਟ ਤਾਪਮਾਨ (ਡਿ.ਸੈਂ) | 23-30 | 24-30 | 24-29 |
| ਸਵੇਰ ਦੀ ਨਮੀ (%) | 78-94 | 70-90 | 75-94 |
| ਸ਼ਾਮ ਦੀ ਨਮੀ (%) | 67-75 | 65-75 | 65-75 |

**ਕਿਸਾਨਾਂ ਲਈ ਮੌਸਮ ਅਤੇ ਫਸਲਾਂ ਦਾ ਹਾਲ :** ਅਗਲੇ 3-4 ਦਿਨ ਬੱਦਲਵਾਈ ਬਣੇ ਰਹਿਣ ਦੇ ਨਾਲ ਹਲਕੀ ਤੋਂ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ ।

# ਖੇਤੀ ਫ਼ਸਲਾਂ

**ਝੋਨਾ :** ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਪਨੀਰੀ ਲਾਉਣ ਪਿੱਛੋਂ 2 ਹਫ਼ਤੇ ਤੱਕ ਪਾਣੀ ਖੜ੍ਹਾ ਰੱਖੋ ਅਤੇ ਬਾਅਦ ਵਿੱਚ ਪਾਣੀ ਉਸ ਵੇਲੇ ਦਿਉ ਜਦੋਂ ਖੇਤ ਵਿੱਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ।

- ਪਾਣੀ ਦੀ ਨਿਕਾਸੀ ਕਰਨ ਤੋਂ ਬਾਅਦਿ ਸਫਰਿਸ਼ ਮੁਤਾਬਿਕ ਨਾਈ ਟਰੋਜਨ ਦੀ ਖਾਦ ਪਾ ਦਿਓ। ਪਾਣੀ ਦੀ ਨਿਕਾਸੀ ਤੋਂ ਬਾਅਦ ਜੇਕਰ ਖੇਤ ਵਿਰਲਾ ਦਿਖੇ ਤਾਂ ਬੂਟਿਆਂ ਦੀ ਗਿਣਤੀ ਪੂਰੀ ਕਰ ਲਵੋ।
- ਇਹ ਸਮ੍ਹਾਂ ਸੀ ਐਸ ਆਰ 30, ਪੂਸਾ ਬਾਸਮਤੀ 1509, ਕਿਸਮ ਦੀ ਪਨੀਰੀ ਦੀ ਖੇਤ ਵਿੱਚ ਲੁਆਈ ਲਈ ਢੁਕਵਾਂ ਹੈ। ਬਾਸਮਤੀ ਨੂੰ ਝੰਡਾ ਰੋਗ (ਪੈਰ ਗਲਣ) ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਸਪਿਰੰਟ 75 ਡਬਲਯੂ ਐਸ ਨੂੰ 10 ਮਿ.ਲਿ. ਪਾਣੀ ਵਿੱਚ ਘੋਲ ਕੇ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਓ
- ਜਿੰਨ੍ਹਾਂ ਖੇਤਾਂ ਵਿੱਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉਥੇ 60 ਮਿਲੀਲਟਰ ਕੋਰਾਜਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੌਰਟਰ 75 ਐਸ ਜੀ ਜਾਂ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿੱਚ ਘੋਲ ਕੇ ਕਰੋ ।
- ਅਗੇਤੀ ਬੀਜੀ ਗਈ ਫ਼ਸਲ ਤੇ ਝੁਲਸ ਰੋਗ ਹੋ ਸਕਦਾ ਹੈ। ਜੇਕਰ ਇਸਦਾ ਹਮਲਾ ਹੋ ਜਾਵੇ ਤਾਂ ਸਾਰਾ ਬੂਟਾ ਮਰ ਸਕਦਾ ਹੈ। ਇਸ ਦੀ ਰੋਕਥਾਮ ਲਈ ਨਾਈਟ੍ਰੋਜਨ ਦੀ ਜ਼ਿਆਦਾ ਵਰਤੋਂ ਨਾ ਕਰੋ ਅਤੇ ਜ਼ਿਆਦਾ ਪਾਣੀ ਵੀ ਨਾ ਦਿਓ।

**ਨਰਮਾ :** ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਰਮੇ ਦੇ ਖੇਤਾਂ ਦਾ ਹਰ ਹਫਤੇ ਲਗਾਤਾਰ ਸਰਵੇਖਣ ਕਰਦੇ ਰਹਿਣ ਅਤੇ ਲੋੜ ਮੁਤਾਬਿਕ ਕੀਟਨਾਸ਼ਕਾਂ ਦਾ ਛਿੜਕਾਅ ਕਰਕੇ ਗੁਲਾਬੀ ਸੁੰਡੀ ਦੀ ਰੋਕਥਾਮ ਕਰਨ। ਗੁਲਾਬੀ ਸੁੰਡੀ ਦੀ ਰੋਕਥਾਮ ਲਈ 500 ਮਿਲੀਲਿਟਰ ਪ੍ਰੋਫੀਨੋਫੋਸ 50 ਈ ਸੀ (ਕਿਉਰਾਕਰਾਨ/ਕਰੀਨਾ) ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਨਜੋਏਟ) ਜਾਂ 200 ਮਿਲੀਲਿਟਰ ਇੰਡੋਕਸਾਕਾਰਬ 15 ਐਸ ਸੀ (ਅਵਾਂਟ) ਜਾਂ 250 ਗ੍ਰਾਮ ਥਾਇਓਡੀਕਾਰਬ 75 ਡਬਲਯੂ ਪੀ (ਲਾਰਵਿਨ) ਜਾਂ 800 ਮਿਲੀਲਿਟਰ ਇਥੀਓਨ 50 ਈ ਸੀ (ਫੋਸਮਾਇਟ) ਪ੍ਰਤੀ ਏਕੜ ਦਾ ਛਿੜਕਾਅ ਕਰੋ। ਲੋੜ ਪੈਣ ਤੇ ਇਸਦਾ ਦੂਸਰਾ ਛਿੜਕਾਅ 7 ਦਿਨ ਬਾਅਦ ਦੁਬਾਰਾ ਕਰੋ। ਕਿਸਾਨਾਂ ਵੀਰੋ! ਨਰਮੇ ਦੀ ਫਸਲ ਨੂੰ ਸੋਕਾ ਨਾ ਲੱਗਣ ਦਿਓ, ਕਿਉਕਿ ਸੋਕੇ ਵਾਲੇ ਖੇਤਾਂ ਵਿੱਚ ਚਿੱਟੀ ਮੱਖੀ ਦਾ ਹਮਲਾ ਵਧੇਰੇ ਹੁੰਦਾ ਹੈ। ਨਰਮੇ ਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਬੂਟੇ ਦੇ ਉੱਪਰਲੇ ਹਿੱਸੇ ਵਿੱਚ ਸਵੇਰ ਨੂੰ 10 ਵਜੇ ਤੋਂ ਪਹਿਲਾਂ ਇਸ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ। ਚਿੱਟੀ ਮੱਖੀ ਦੇ ਬਾਲਗਾਂ ਦੀ ਰੋਕਥਾਮ ਲਈ 200 ਮਿਲੀਲਿਟਰ ਕਲਾਸਟੋ 20 ਡਬਲਯੂ ਜੀ (ਪਾਇਰੀਫਲੁਕੀਨਾਜ਼ੋਨ) ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ (ਅਫਿਡੋਪਾਇਰੋਪਿਨ) ਜਾਂ 60 ਗ੍ਰਾਮ ਓਸ਼ੀਨ 20 ਐਸ ਜੀ (ਡਾਇਨੋਟੈਫੂਰਾਨ) ਜਾਂ 200 ਗ੍ਰਾਮ ਪੋਲੋ/ ਰੂਬੀ / ਕਰੇਜ਼ / ਲੂਡੋ / ਸ਼ੋਕੂ 50 ਡਬਲਯੂ ਪੀ (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 800 ਮਿਲੀਲਿਟਰ ਫੋਸਮਾਈਟ/ਈ ਮਾਈਟ/ਵਾਲਥੀਆਨ/ਗੋਲਡਮਿਟ 50 ਈ ਸੀ (ਈਥੀਆਨ) ਦਾ ਛਿੜਕਾਅ ਕਰੋ।

**ਮੱਕੀ :** ਮੱਕੀ ਵਿਚ ਫ਼ਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਮੱਕੀ ਦੇ ਖੇਤਾਂ ਵਿੱਚੋਂ ਵਾਧੂ ਪਾਣੀ ਦੀ ਨਿਕਾਸੀ ਕਰੋ।

# ਬਾਗਬਾਨੀ

ਜੇ ਕਰ ਬਾਗਾਂ ਵਿੱਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾਂ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਉ। ਨਾਸ਼ਪਾਤੀ ਦੇ ਫ਼ਲਾਂ ਨੂੰ ਫ਼ਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ 16 ਪੀ.ਏ.ਯੂ. ਫ਼ਰੂਟ ਫ਼ਲਾਇਟਰੈਪ ਪਤੀ ਏਕੜ ਦੇ ਹਿਸਾਬ ਨਾਲ ਲਗਾਉ। ਜਿਹੜੇ ਅਮਰੂਦਾਂਦੇ ਬਾਗਾਂ ਵਿੱਚ ਫ਼ਲ ਦਾ ਅਕਾਰ ਬਣ ਗਿਆ ਹੈ ਅਤੇ ਫ਼ਲਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ ਉਹਨਾਂ ਬਾਗਾਂ ਵਿੱਚ ਵੀ ਪੀ.ਏ.ਯੂ. ਫ਼ਰੂਟ ਫ਼ਲਾਈਟਰੈਪ ਲਗਾਏ ਜਾ ਸਕਦੇ ਹਨ।ਘਰੇਲੂ ਪੱਧਰ ਤੇ ਅਮਰੂਦਾਂ ਦੇ ਫ਼ਲਾਂ ਨੂੰ ਨਾਨ-ਵੂਵਨ ਲਿਫ਼ਾਫ਼ਿਆਂ ਨਾਲ ਵੀ ਢਕਿਆ ਜਾ ਸਕਦਾਹੈ। ਫ਼ਲ ਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮ ਲਾ ਆਦਿ ਦੇ ਬੂਟਿਆਂ ਦੀ ਯੋਜਨਾ ਬੰਦੀ ਅਤੇ ਲਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਾਈਟਪਥੋਰਾ ਨਾ ਦੀ ਬਿਮਾਰੀ ਦੀ ਰੋਕ ਥਾਮ ਲਈ ਰਿਡੋਮਿਲ ਗੋਲਡ ਜਾਂ ਕਰਜੈਟਐਮ 8 ਨਾਲ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੰ ਇਸ ਸਮੇ 25 ਗ੍ਰਾਮ ਪ੍ਰਤੀ10 ਲਿਟਰ ਪਾਣੀ ਪ੍ਰਤੀ ਪੌਦਾਦ ਹਿਸਾਬ ਨਾਲ ਚੰਗੀ ਤਰਾਂਹ ਭਿਓਂ ਦਿਉ ।ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿ.ਲੀ. ਸੋਡੀਅਮ ਹਾਈਪੋਕਲੋਰਾਈਟ (5%) 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਪੌਦਾ ਪਾਉ।ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉਪਰ ਚੰਗੀ ਤਰਾਂ ਛਿੜਕਾਅ ਕਰੋ।

# ਸਬਜ਼ੀਆਂ

ਭਿੰਡੀ ਦੀ ਪੰਜਾਬ ਸੁਹਾਵਨੀ, ਪੰਜਾਬ ਲਾਲੀਮਾ ਅਤੇ ਲੋਬੀਏ ਦੀ ਕਾਉਪੀਅ-263ਕਿਸਮਾਂ ਦੀ ਬੀਜਾਈ ਕੀਤੀ ਜਾ ਸਕਦੀ ਹੈ। ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕ ੜਬੀ ਜੋ।ਹਲਵਾ ਕੱਦੂ ਅਤੇ ਵੰਗੇ ਦਾ ਬੀਜ 1ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਕਰੋ। ਫੁੱਲ ਗੋਭੀ ਦੀ ਅਗੇਤੀਆਂ ਕਿਸਮਾਂ ਦੀ ਪਨੀਰੀ ਦੀ ਲਵਾਈ ਮੁੱਖ ਖੇਤ ਵਿੱਚ ਕੀਤੀ ਜਾ ਸਕਦੀ ਹੈ।

# ਪਸ਼ੂ ਪਾਲਣ

ਮੀਂਹ ਅਤੇ ਹੜ੍ਹ ਦੇ ਪਾਣੀ ਕਾਰਨ ਪਸ਼ੂਆਂ ਨੂੰ ਛੂਤ ਅਤੇ ਪਰਜੀਵੀ ਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਾਣੀ ਕਾਰਨ ਹਵਾ ਵਿੱਚ ਨਮੀ ਦਾ ਪੱਧਰ ਵੱਧ ਜਾਂਦਾ ਹੈ ਜਿਸ ਕਰਕੇ ਮੱਛਰ, ਮੱਖੀਆਂ, ਚਿੱਚੜਾਂ ਆਦਿ ਦੀ ਗਿਣਤੀ ਵੱਧ ਜਾਂਦੀ ਹੈ।ਮੱਛਰ, ਮੱਖੀਆਂ ਦੀ ਭਰਮਾਰ ਕਾਰਨ ਲੰਗੜਾ ਬੁਖਾਰ ਅਤੇ ਕੀਟਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਹੋ ਸਕਦੀਆਂ ਹਨ।ਇਨ੍ਹਾਂ ਦੀ ਰੋਕਥਾਮ ਲਈ ਪੁਖਤਾ ਇੰਤਜ਼ਾਮ ਕਰਨ ਦੀ ਲੋੜ ਹੈ।ਕਈ ਵਾਰ ਇਸ ਸਮੇਂ ਪਾਣੀ ਸਾਲਮੋਨੈਲਾ, ਈ ਕੋਲਾਈ, ਕਲੌਸਟ੍ਰੀਡੀਅਮ ਅਤੇ ਲੈਪਟੋਸਪਾਇਰਾ ਵਰਗੇ ਖਤਰਨਾਕ ਕੀਟਾਣੂਆਂ ਨਾਲ ਦੂਸ਼ਿਤ ਹੋ ਸਕਦਾ ਹੈ।ਦੂਸ਼ਿਤ ਪਾਣੀ ਰਾਹੀਂ ਪਸ਼ੂਆਂ ਦੇ ਪੇਟ ਦੇ ਪਰਜੀਵੀ ਵੀ ਫੈਲ ਸਕਦੇ ਹਨ ਜਿਹਨਾਂ ਕਰਕੇ ਪਸ਼ੂਆਂ ਵਿੱਚ ਪੀਲੀਆ ਅਤੇ ਮੋਕ ਵਰਗੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ।ਇਸਲਈ ਪਸ਼ੂਆਂ ਨੂੰ ਖੜ੍ਹੇ ਪਾਣੀ ਤੋਂ ਦੂਰ ਰੱਖੋ ਅਤੇ ਕਿਰਮ ਰਹਿਤ ਕਰੋ।

# ਜੁਲਾਈ ਮਹੀਨੇ ਦੇ ਸਿਖਲਾਈ-ਕੋਰਸ



## ਸਕਿੱਲ ਡਿਵੈਲਪਮੈਂਟ ਸੈਂਟਰ (0161-2401960 ਐਕਸਟੈਂਸ਼ਨ 261)

ਅਗਸਤ 01-ਅਕਤੂਬਰ 30: ਨੌਜਵਾਨ ਕਿਸਾਨਾਂ ਲਈ ਖੇਤੀਬਾੜੀ ਸੰਬੰਧਿਤ ਤਿੰਨ ਮਹੀਨੇ ਦਾ ਸਿਖਲਾਈ ਕੋਰਸ


ਅਗਸਤ 05-09: ਬਾਗਬਾਨੀ ਫਸਲਾਂ ਦੀ ਪਨੀਰੀ ਤਿਆਰ ਕਰਨ ਦੀਆਂ ਤਕਨੀਕਾਂ

ਅਗਸਤ 19-23: ਜੈਵਿਕ ਖੇਤੀ (ਆਰਗੈਨਿਕ ਫਾਰਮਿੰਗ)

ਅਗਸਤ 27-28: ਖੇਤੀਬਾੜੀ ਫਸਲਾਂ ਅਤੇ ਸਬਜ਼ੀਆਂ ਦਾ ਦੋਗਲਾ ਬੀਜ ਤਿਆਰ ਕਰਨਾ

## ਚੰਗੀ ਖੇਤੀ ਦੇ ਜੁਲਾਈ ਅੰਕ ਵਿੱਚ ਪੜ੍ਹੋ:


ਝੋਨੇ ਅਤੇ ਬਾਸਮਤੀ ਤੋਂ ਵਧੇਰੇ ਝਾੜ ਲਈ ਸੁਚੱਜਾ ਕੀਟ ਪ੍ਰਬੰਧਨ ਅਪਣਾਉ
ਜੈਵਿਕ ਬਾਸਮਤੀ ਦੀ ਪੌਦ ਸੁਰੱਖਿਆ ਲਈ ਅਹਿਮ ਨੁਕਤੇ
ਸਬਜ਼ੀਆਂ ਦੀ ਸੁਰੱਖਿਅਤ ਖੇਤੀ ਵਿੱਚ ਜੜ੍ਹ ਗੰਢ ਰੋਗ ਦੀ ਰੋਕਥਾਮ
ਸਾਉਣੀ ਦੀ ਮੱਕੀ ਨੂੰ ਬਿਮਾਰੀਆਂ ਤੋਂ ਬਚਾਉਣ ਦੇ ਨੁਕਤੇ
ਨਰਮੇ ਦੇ ਰਸ ਚੂਸਣ ਵਾਲੇ ਕੀੜਿਆਂ ਦੀ ਸਰਵਪੱਖੀ ਰੋਕਥਾਮ
ਕਮਾਦ ਦੀਆਂ ਮੁੱਖ ਬਿਮਾਰੀਆਂ ਅਤੇ ਉਹਨਾਂ ਦੀ ਰੋਕਥਾਮ
ਬਰਸਾਤ ਵਿੱਚ ਨਿੰਬੂ ਜਾਤੀ ਦੇ ਬੂਟਿਆਂ ਦੀਆਂ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ
ਫ਼ਸਲਾਂ ਵਿੱਚ ਮੱਛੀ ਦੇ ਤਲਾਅ ਦੀ ਗਾਰ ਦੀ ਵਰਤੋਂ
ਝੰਡਾ ਰੋਗ ਦੀ ਰੋਕਥਾਮ ਲਈ ਬਾਸਮਤੀ ਦੇ ਬੀਜ ਅਤੇ ਪਨੀਰੀ ਦੀ ਟ੍ਰਾਈਕੋਡਰਮਾ.
ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫ਼ਲ ਦੀ ਮੱਖੀ ਤੋਂ ਬਚਾਓ
ਬਰਸਾਤਾਂ ਦੌਰਾਨ ਫ਼ਲਦਾਰ ਬੂਟਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ
ਪੀ.ਏ.ਯੂ. ਵੱਲੋਂ ਸਿਫ਼ਾਰਿਸ਼ ਨਿੰਮ ਦੇ ਘੋਲ ਨਾਲ ਸਾਉਣੀ ਦੀਆਂ ਫ਼ਸਲਾਂ ਦੇ ...
ਬਾਗਾਂ ਵਿੱਚ ਅੰਤਰ-ਫ਼ਸਲਾਂ ਦੀ ਕਾਸ਼ਤ ਸੰਬੰਧੀ ਜ਼ਰੂਰੀ ਨੁਕਤੇ
ਸਦਾਬਹਾਰ ਫ਼ਲਦਾਰ ਬੂਟੇ ਲਾਉਣ ਅਤੇ ਸਾਂਭ ਸੰਭਾਲ ਲਈ ਸੁਝਾਅ
ਸਾਉਣੀ ਦੀਆਂ ਫਸਲਾਂ ਵਿੱਚ ਸੂਖਮ ਤੱਤਾਂ ਦੀ ਘਾਟ ਅਤੇ ਪੂਰਤੀ
ਕੱਚੇ ਪਪੀਤੇ ਤੋਂ ਸੁਆਦਲੇ ਪਕਵਾਨ
ਕੰਢੀ ਖੇਤਰ ਵਿੱਚ ਖੇਤੀ ਲਈ ਜ਼ਰੂਰੀ ਹੈ ਭੂਮੀ ਅਤੇ ਪਾਣੀ ਦੀ ਸੰਭਾਲ
ਲਾਹੇਵੰਦ ਹੈ ਤਿਲ਼ਾਂ ਦੀ ਕਾਸ਼ਤ
ਬਰਸਾਤਾਂ ਦੇ ਦਿਨਾਂ ਵਿੱਚ ਰੱਖੋ ਪਸ਼ੂਆਂ ਦਾ ਖਾਸ ਧਿਆਨ
ਕਿਸਾਨੀ ਤੋਂ ਖੇਤੀ ਉਦਯੋਗ ਵੱਲ ਪਰਤਿਆ ਕਿਸਾਨ
ਜਾਮਣ ਦੀਆਂ ਨਵੀਆਂ ਕਿਸਮਾਂ ਤੇ ਉਸ ਦੀ ਕਾਸ਼ਤ ਲਈ ਸਿਫਾਰਸ਼ਾਂ
ਵਰਖਾ ਰੁੱਤ ਲਈ ਸ਼ਹਿਦ ਮੱਖੀ ਕਟੁੰਬਾਂ ਦੀ ਤਿਆਰੀ ਅਤੇ ਸੰਭਾਲ
ਅਗਸਤ ਮਹੀਨੇ ਦੇ ਖੇਤੀ ਰੁਝੇਵੇਂ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਗਸਤ 2024 ਦੇ ਸਿਖਲਾਈਨਾਮੇ



**ਸਲਾਨਾ ਚੰਦਾ 200/-**

ਚੰਗੀ ਖੇਤੀ ਮਾਸਿਕ ਰਸਾਲੇ ਦੇ ਮੈਂਬਰ ਬਣਨ ਲਈ ਸੰਪਰਕ ਕਰੋ: ਬਿਜ਼ਨੈਸ ਮੈਨੇਜਰ, ਸੰਚਾਰ ਕੇਂਦਰ ਮੋ: 98884-37011, 0161-2401960 (475)



ਛਾਪਕ : ਡਾ. ਤੇਜਿੰਦਰ ਸਿੰਘ ਰਿਆੜ, ਅਪਰ ਨਿਰਦੇਸ਼ਕ ਸੰਚਾਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ




ਇਸ ਖੇਤੀ ਸੰਦੇਸ਼ ਵਿੱਚ ਛਪੇ ਲੇਖਾਂ ਦਾ ਕਾਪੀ ਰਾਈਟ ਸੁਰੱਖਿਅਤ ਹੈ।
ਪ੍ਰਕਾਸ਼ਕ/ਸੰਪਾਦਕ ਦੀ ਪ੍ਰਵਾਨਗੀ ਬਿਨਾਂ ਪ੍ਰਕਾਸ਼ਤ ਕਰਨ ਦੀ ਆਗਿਆ ਨਹੀਂ ਹੈ।




ਡਿਜ਼ਾਇਨ : ਸੰਦੀਪ ਕੌਰ
ਜਤਿੰਦਰ ਕੌਰ

# PAU Extends Support Across All Social Media Platforms

Click down





**2401960-79 (Ext. 373,475)**

Join hands with PAU through social media and empower your agricultural journey!